
ਨਾਂਵ ਕਿ ਹੁੰਦਾ ਹੈ?
ਜਦੋਂ ਅਸੀਂ ਆਪਣੇ ਨੇੜੇ-ਤੇੜੇ ਵੇਖਦੇ ਹਾਂ ਜਾਂ ਸਕੂਲ,ਘਰ,ਬਜ਼ਾਰ
ਆਦਿ ਜਾਂਦੇ ਹਾਂ ਤਾਂ ਅਸੀਂ ਵੱਖ-ਵੱਖ ਸਥਾਨਾਂ ,ਚੀਜ਼ਾਂ ,ਮਨੁੱਖਾਂ
ਨਾਲ ਸੰਪਰਕ ਰੱਖਦੇ ਹਨ ਅਤੇ ਉਹਨਾਂ ਨੂੰ ਵੱਖ-ਵੱਖ ਨਾਵਾਂ ਨਾਲ
ਪੁਕਾਰਦੇ ਹਨ ਜਿਵੇਂ ਕਿ ਜਲੰਧਰ ,ਰਾਮੂ,ਕੁਰਸੀ ,ਤੋਤਾ।
ਵਿਆਕਰਨ ਵਿਚ ਅਜਿਹੇ ਸ਼ਬਦਾਂ ਨੂੰ ਨਾਂਵ ਕਹਿੰਦੇ ਹਨ।

# ਨਾਵ ਦੀ ਪਰਿਭਾਸ਼ਾ

ਜਿਨ੍ਹਾਂ ਸ਼ਬਦਾਂ ਤੋਂ ਸਾਨੂੰ ਕਿਸੇ ਸਥਾਨ, ਜੀਵ ,ਵਸਤੂ ਆਦਿ ਦਾ ਪਤਾ ਲੱਗਦਾ ਹੈ ਉਹਨਾਂ ਸ਼ਬਦਾਂ ਨੂੰ ਨਾਂਵ ਆਖਦੇ ਹਨ।

ਉਧਾਰਨ :ਲੁਧਿਆਣਾ ,ਬਿਆਸ ,ਖੰਡ ,ਕੁੜੀ ਆਦਿ।

# ਨਾਂਵ ਦੀਆਂ ਕਿਸਮਾਂ

1.ਆਮ ਨਾਂਵ ਜਾਂ ਜਾਤੀ -ਵਾਚਕ ਨਾਂਵ

2.ਖਾਸ ਨਾਂਵ ਜਾਂ ਨਿਜ-ਵਾਚਕ ਨਾਂਵ

3.ਇਕੱਠ ਨਾਂਵ ਜਾਂ ਸਮੂਹ -ਵਾਚਕ ਨਾਂਵ

4.ਵਸਤੂ-ਵਾਚਕ ਜਾਂ ਪਦਾਰਥ -ਵਾਚਕ ਨਾਂਵ

5.ਭਾਵ -ਵਾਚਕ ਨਾਂਵ

# ਖਾਸ ਨਾਂਵ

- ਖਾਸ ਨਾਂਵ: ਕਿਸੇ ਖਾਸ ਮਨੁੱਖ, ਸਥਾਨ ਜਾਂ ਵਸਤੂ ਦੇ ਨਾਂ ਨੂੰ "**ਖਾਸ ਨਾਂਵ**" ਕਿਹਾ ਜਾਂਦਾ ਹੈ। ਜਿਵੇਂ:
- **ਸੁਰਿੰਦਰ ਸਿੰਘ** ਸਕੂਲ ਦਾ ਪ੍ਰਿੰਸਿਪਲ ਹੈ।
- **ਦਿੱਲੀ** ਭਾਰਤ ਦੀ ਰਾਜਧਾਨੀ ਹੈ।
- **ਕੋਹਿਨੂਰ** ਇੱਕ ਕੀਮਤੀ ਹੀਰਾ ਹੈ।

# ਆਮ ਜਾਂ ਜਾਤੀ ਨਾਂਵ

- ਆਮ ਜਾਂ ਜਾਤੀ ਨਾਂਵ: ਇੱਕ ਕਿਸਮ ਦੀਆਂ ਗਿਣਨਯੋਗ ਚੀਜਾਂ ਦੇ ਸਾਂਝੇ ਨਾਂਅ ਨੂੰ "**ਆਮ ਜਾਂ ਜਾਤੀ ਨਾਂਵ**" ਕਿਹਾ ਜਾਂਦਾ ਹੈ; ਜਿਵੇਂ ਕਾਪੀ, ਸਲੇਟ, ਲੜਕੇ ਆਦਿ।
- ਇਹ **ਮੇਜ** ਵਧੀਆ ਹੈ।
- **ਕਾਪੀ** ਤੇ ਘਰ ਦਾ ਕੰਮ ਕਰਿਆ ਕਰੋ।
- ਇਹ **ਮੁੰਡੇ** ਹੁਸ਼ਿਆਰ ਹਨ।




ਵਸਤੂ ਵਾਚਕ ਨਾਂਵ
ਵਸਤੂ ਵਾਚਕ ਨਾਂਵ : ਤੋਲੀਆਂ ਜਾਂ ਮਿਣੀਆਂ ਜਾਣ ਵਾਲੀਆਂ ਵਸਤੂਆਂ ਨਾਂ ਨੂੰ "ਵਸਤੂ ਵਾਚਕ ਨਾਂਵ" ਕਿਹਾ ਜਾਂਦਾ ਹੈ ;ਜਿਵੇਂ ਆਟਾ , ਰੇਤ , ਦੁੱਧ , ਆਦਿ
ਮੈਂ ਇੱਕ ਤੋਲਾ ਸੋਨਾ ਖ਼ਰੀਦਿਆ।
ਦੁੱਧ ਮਹਿੰਗਾ ਹੋ ਗਿਆ ਹੈ ।

# ਇੱਕਠ ਵਾਚਕ ਨਾਂਵ

ਇੱਕਠ ਵਾਚਕ ਨਾਂਵ : ਕਿਸੇ ਇੱਕਠ ਜਾਂ ਸਮੂਹ ਲਈ ਵਰਤੇ ਗਏ ਨਾਂਵ ਨੂੰ "**ਇੱਕਠ ਵਾਚਕ ਨਾਂਵ** " ਕਿਹਾ ਜਾਂਦਾ ਹੈ ;ਜਿਵੇਂ ਕੰਪਨੀ , ਜਮਾਤ , ਵੱਗ ਆਦਿ

ਪੰਜਵੀ **ਜਮਾਤ** ਵਿਚ ਵੀਹ ਬੱਚੇ ਹਨ।

ਮੇਰਾ ਭਰਾ ਉਸ **ਕੰਪਨੀ** ਵਿਚ ਹੈ।

ਹਰ ਧਰਮੀ **ਸੰਗਤ** ਦੇ ਦਰਸ਼ਨ ਕਰਿਆ ਕਰਦਾ ਹੈ।





# ਭਾਵ ਵਾਚਕ ਨਾਂਵ

- ਭਾਵ ਵਾਚਕ ਨਾਂਵ : ਜੋ ਚੀਜ਼ਾਂ ਵੇਖੀਆਂ ਜਾਂ ਛੂਹੀਆਂ ਨਾ ਜਾਣ ਪਰ ਮਹਿਸੂਸ ਕੀਤੀਆ ਜਾਣ ਉਨ੍ਹਾ ਦੇ ਨਾਂ ਨੂੰ **"ਭਾਵ ਵਾਚਕ ਨਾਂਵ"** ਕਿਹਾ ਜਾਂਦਾ ਹੈ ਜਿਵੇਂ ਝੂਠ, ਖੁਸ਼ੀ, ਮਿਠਾਸ, ਸਰਦੀ ਆਦਿ
- ਸਾਨੂੰ **ਸਫਾਈ** ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ।
- ਅੱਜ ਬਹੁਤ **ਗਰਮੀ** ਹੈ।
- **ਝੂਠ** ਬੋਲਣਾ ਗਲਤ ਆਦਤ ਹੈ।



